HOMEWORK WEEK OF 4/6/2019

GRAMMAR: PLEASE READ ਬਸੰਤ ਰੁੱਤ, ਚਿੜੀਆ ਘਰ

THEN WRITE IN YOUR OWN WORDS THE WAY

WE PRACTICE IN CLASS.

VIRSA : HISTORY QUESTIONS 226-251

READ JAPJI SAHIB WITHOUT MISTAKES

READ ਕਿਰਤ ਦੀ ਕਮਾਈ, ਖੁਦਾ ਦਾ ਘਰ, ਹੰਕਮਰੀ ਦਾ ਸਿਰ ਨੀਂਵਾਂ ~ 5 TIMES THEN WRITE SUMMARY

# ਖ਼ੁਦਾ ਦਾ ਘਰ

ਇੱਕ ਦਿਨ ਭਾਈ ਮਰਦਾਨੇ ਨੇ ਗੁਰੂ ਜੀ ਨੂੰ ਬੇਨਤੀ ਕੀਤੀ, "ਤੁਸੀਂ ਮੈਨੂੰ ਨੰਗੇ ਭੁੱਖੇ ਨੂੰ ਜੰਗਲਾਂ ਵਿਚ, ਪਹਾੜਾਂ ਦੀਆਂ ਟੀਸੀਆਂ ਉੱਪਰ ਅਤੇ ਉਨ੍ਹਾਂ ਥਾਂਵਾਂ ਉੱਪਰ ਜਿੱਥੇ ਕੋਈ ਨਹੀਂ ਵਸਦਾ, ਲਈ ਫਿਰਦੇ ਹੋ। ਮੁਸਲਮਾਨਾਂ ਦੇ ਧਰਮ ਵਿਚ ਮੱਕੇ ਦੇ ਹੱਜ ਦੀ ਬਹੁਤ ਸਿਫ਼ਤ ਕੀਤੀ ਗਈ ਹੈ। ਤੁਸੀਂ ਮੈਨੂੰ ਮੱਕੇ ਦਾ ਹੱਜ ਕਰਵਾ ਦੇਵੋ।" ਗੁਰੂ ਜੀ ਭਾਈ ਮਰਦਾਨੇ ਦੀ ਬੇਨਤੀ ਮੰਨ ਕੇ, ਉਸਨੂੰ ਨਾਲ ਲੈ ਕੇ ਮੱਕੇ ਵੱਲ ਚਲ ਪਏ। ਰਸਤੇ ਵਿਚ ਉਨ੍ਹਾਂ ਨੂੰ ਕੁਝ ਹੋਰ ਹਾਜੀ ਮਿਲ ਗਏ ਜਿਹੜੇ ਏਧਰ-ਉਧਰ ਦੀਆਂ ਗੱਲਾਂ ਕਰਨ ਲੱਗੇ। ਗੁਰੂ ਜੀ ਨੇ ਕਿਹਾ, "ਭਾਈ ਮਰਦਾਨਿਆ, ਜਦੋਂ ਹੱਜ ਲਈ ਜਾਈਏ ਤਾਂ ਉਸ ਖ਼ੁਦਾ ਦੀ ਸਿਫ਼ਤ ਦੀ ਗੱਲ-ਬਾਤ ਹੋਣੀ ਚਾਹੀਦੀ ਹੈ। ਹੋਰ ਫਾਲਤੂ ਗੱਲਾਂ ਕਰਦੇ ਜਾਣਾ ਹਾਜੀਆਂ ਲਈ ਸੋਭਾ ਨਹੀਂ ਦਿੰਦਾ ਅਤੇ ਇਸ ਤਰ੍ਹਾਂ ਦਾ ਹੱਜ ਕਰਨ ਵਾਲੇ ਨੂੰ ਕੁਝ ਪ੍ਰਾਪਤ ਨਹੀਂ ਹੁੰਦਾ।"

ਗੁਰੂ ਜੀ ਅਤੇ ਭਾਈ ਮਰਦਾਨਾ ਨੇ ਉਨ੍ਹਾਂ ਹਾਜੀਆਂ ਦਾ ਸਾਥ ਛੱਡ ਦਿੱਤਾ ਅਤੇ ਪਰਮਾਤਮਾ ਦੀ ਸਿਫ਼ਤ-ਸ਼ਲਾਘਾ ਕਰਦੇ ਮੱਕੇ ਦੇ ਨੇੜੇ ਪੁੱਜੇ, ਜਿੱਥੇ ਉਨ੍ਹਾਂ ਹਾਜੀਆਂ ਵਾਲਾ ਨੀਲਾ ਬਾਣਾ ਪਹਿਨ ਲਿਆ ਅਤੇ ਗੁਰੂ ਜੀ ਨੇ ਬਗ਼ਲ ਵਿਚ ਆਪਣੀ ਬਾਣੀ ਦੀ ਕਿਤਾਬ ਰੱਖ ਲਈ। ਇਸ ਤਰ੍ਹਾਂ ਦੇ ਪਹਿਰਾਵੇ ਵਿਚ ਉਹ ਮੱਕੇ ਦੀ ਮਸੀਤ ਅੰਦਰ ਚਲੇ ਗਏ। ਸਾਰਾ ਦਿਨ ਖ਼ੁਦਾ ਦੇ ਗੁਣ ਗਾਉਂਦਿਆਂ ਗੁਜ਼ਾਰ ਦਿੱਤਾ ਅਤੇ ਰਾਤ ਨੂੰ ਸੌਂ ਗਏ। ਸਵੇਰੇ ਸਵੇਰੇ ਭਾਰਤ ਤੋਂ ਗਿਆ ਇੱਕ ਹਾਜੀ ਮੁੱਲਾ, ਜੀਵਨ, ਸੁੱਤੇ ਪਏ ਹਾਜੀਆਂ ਵਿਚੋਂ ਦੀ ਲੰਘ ਰਿਹਾ ਸੀ, ਉਸਦੀ ਨਿਗਾਹ ਗੁਰੂ ਜੀ ਦੇ ਪੈਰਾਂ ਉੱਪਰ ਪਈ ਜਿਹੜੇ ਕਾਬੇ ਵੱਲ ਸਨ। ਉਸਨੂੰ ਇਹ ਦੇਖ ਕੇ ਬਹੁਤ ਗੁੱਸਾ ਆਇਆ। ਉਸਨੇ ਗੁਰੂ ਜੀ ਦੀ ਪਿੱਠ ਵਿੱਚ ਲੱਤ ਮਾਰ ਕੇ ਕਿਹਾ, "ਓ ਕਾਫ਼ਰ, ਤੈਨੂੰ ਨਜ਼ਰ ਨਹੀਂ ਆਉਂਦਾ ਕਿ ਤੂੰ ਖ਼ੁਦਾ ਦੇ ਘਰ ਵੱਲ ਪੈਰ ਕੀਤੇ ਹੋਏ ਹਨ।" ਗੁਰੂ ਜੀ ਨੇ ਅੱਗੋਂ ਬੜੀ ਹਲੀਮੀ ਨਾਲ ਉੱਤਰ ਦਿੱਤਾ, "ਮੁੱਲਾ ਜੀ, ਮੇਰੇ ਪਾਸੋਂ ਭੁੱਲ ਹੋ ਗਈ। ਮੈਨੂੰ ਨਹੀਂ ਸੀ ਪਤਾ ਕਿ ਸਿਰਫ਼ ਇਸ ਪਾਸੇ ਹੀ ਖ਼ੁਦਾ ਦਾ ਘਰ ਹੈ। ਤੁਸੀਂ ਮੇਰੇ ਪੈਰ ਉਸ ਪਾਸੇ ਕਰ ਦੇਵੋ ਜਿਸ ਪਾਸੇ ਖ਼ੁਦਾ ਨਹੀਂ ਰਹਿੰਦਾ।"

ਮੁੱਲਾ ਜੀਵਨ ਦਾ ਗੁੱਸਾ ਇਹ ਸੁਣ ਕੇ ਹੋਰ ਵੀ ਵਧ ਗਿਆ। ਉਸਨੇ ਬੜੀ ਬੇਦਰਦੀ ਨਾਲ ਗੁਰੂ ਜੀ ਦੀਆਂ ਲੱਤਾਂ ਫੜੀਆਂ ਅਤੇ ਘਸੀਟ ਕੇ ਦੂਜੇ ਪਾਸੇ ਕਰ ਦਿੱਤੀਆਂ। ਗੁਰੂ ਜੀ ਨੇ ਕਿਹਾ, "ਮੁੱਲਾ ਜੀ, ਕੀ ਇਸ ਪਾਸੇ ਖ਼ੁਦਾ ਦਾ ਘਰ ਨਹੀਂ ?" ਮੁੱਲਾ ਜੀਵਨ ਨੇ ਜਦੋਂ ਉਸ ਪਾਸੇ ਤਕਿਆ ਤਾਂ ਉਸ ਨੂੰ ਕਾਬਾ ਉਸ ਪਾਸੇ ਵੀ ਨਜ਼ਰ ਆਇਆ। ਮੁੱਲਾ ਜੀਵਨ, ਗ਼ੁੱਸੇ ਵਿਚ ਜਿਸ ਪਾਸੇ ਗੁਰੂ ਜੀ ਦੀਆਂ ਲੱਤਾਂ ਨੂੰ ਕਰੇ ਉਸ ਪਾਸੇ ਉਸਨੂੰ ਕਾਬਾ ਨਜ਼ਰ ਆਵੇ। ਉਸਨੇ ਇਹ ਦੇਖ ਕੇ ਰੌਲਾ ਪਾ ਦਿੱਤਾ। ਸਾਰੇ ਹਾਜੀ ਜਾਗ ਪਏ। ਮੱਕੇ ਦਾ ਵੱਡਾ ਕਾਜ਼ੀ, ਰੁਕਨਦੀਨ ਵੀ ਉਸ ਥਾਂ ਆ ਗਿਆ, ਜਦੋਂ ਉਸਨੂੰ ਖ਼ਬਰ ਪੁੱਜੀ ਕਿ ਹਿੰਦ ਦੇ ਪੀਰ ਨੇ ਖ਼ੁਦਾ ਦਾ ਘਰ ਹਰ ਪਾਸੇ ਜ਼ਾਹਿਰ ਕਰ ਦਿੱਤਾ ਸੀ।

ਕਾਜ਼ੀ ਰੁਕਨਦੀਨ ਅਤੇ ਗੁਰੂ ਜੀ ਇਸ ਤਰ੍ਹਾਂ ਇੱਕ ਦੂਜੇ ਨੂੰ ਮਿਲੇ ਜਿਵੇਂ ਉਹ ਇੱਕ ਦੂਜੇ ਦੇ ਸਦੀਆਂ ਤੋਂ ਵਾਕਿਫ਼ ਹੋਣ। ਕਾਜ਼ੀ ਰੁਕਨਦੀਨ ਨੇ ਦੂਜਿਆਂ ਦੇ ਮਨ ਦਾ ਸ਼ੰਕਾ ਦੂਰ ਕਰਨ ਲਈ ਗੁਰੂ ਜੀ ਨੂੰ ਪੁੱਛਿਆ, "ਖ਼ੁਦਾ ਦੇ ਦਰਬਾਰ ਵਿਚ ਹਿੰਦੂ ਵੱਡਾ ਹੈ ਜਾਂ ਮੁਸਲਮਾਨ ?" ਗੁਰੂ ਜੀ ਨੇ ਉੱਤਰ ਦਿੱਤਾ, "ਖ਼ੁਦਾ ਦੇ ਦਰ ਉੱਪਰ ਨੇਕ ਕਰਮ ਪ੍ਰਵਾਨ ਹਨ। ਉਸਦੇ ਦਰਬਾਰ ਵਿਚ ਨੇਕ ਕਰਮਾਂ ਬਿਨਾਂ ਨਾ ਹਿੰਦੂ ਲਈ ਕੋਈ ਥਾਂ ਹੈ ਅਤੇ ਨਾ ਹੀ ਮੁਸਲਮਾਨ ਲਈ।" ਇਹ ਉੱਤਰ ਸੁਣ ਕੇ ਹਾਜੀਆਂ ਨੇ ਗੁਰੂ ਜੀ ਨੂੰ ਹੋਰ ਬਹੁਤ ਸਵਾਲ ਕੀਤੇ। ਗੁਰੂ ਜੀ ਨੇ ਉਨ੍ਹਾਂ ਸਾਰਿਆਂ ਦੇ ਮਨਾਂ ਦੇ ਸ਼ੰਕੇ ਦੂਰ ਕੀਤੇ। ਜਦੋਂ ਗੁਰੂ ਜੀ ਮਦੀਨੇ ਵੱਲ ਜਾਣ ਲਈ ਤਿਆਰ ਹੋਏ ਤਾਂ ਕਾਜ਼ੀ ਰੁਕਨਦੀਨ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਉਹ ਮੱਕੇ ਵਿਖੇ, ਆਪਣੇ ਆਉਣ ਦੀ ਯਾਦ ਵਿਚ ਕੋਈ ਨਿਸ਼ਾਨੀ ਛੱਡ ਜਾਣ। ਗੁਰੂ ਜੀ ਨੇ ਬੇਨਤੀ ਪ੍ਰਵਾਨ ਕਰ ਕੇ ਆਪਣੇ ਪੌਲੇ ਕਾਜ਼ੀ ਰੁਕਨਦੀਨ ਨੂੰ ਦੇ ਦਿੱਤੇ।

# ਹੰਕਾਰੀ ਦਾ ਸਿਰ ਨੀਵਾਂ

ਗੁਰੂ ਜੀ ਅਤੇ ਭਾਈ ਮਰਦਾਨਾ, ਮੱਕੇ ਦੀ ਫੇਰੀ ਤੋਂ ਵਾਪਸ ਆਉਂਦੇ ਹੋਏ ਕੰਧਾਰ ਦੇਸ਼ ਵਿਚ ਹਸਨ ਅਬਦਾਲ, ਜ਼ਿਲ੍ਹਾ ਅਟਕ ਪੁੱਜੇ, ਜਿਥੇ ਅੱਜ-ਕੱਲ੍ਹ ਗੁਰਦੁਆਰਾ ਪੰਜਾ ਸਾਹਿਬ ਸ਼ੋਭਾ ਦੇ ਰਿਹਾ ਹੈ। ਭਾਈ ਮਰਦਾਨੇ ਨੇ ਬੇਨਤੀ ਕੀਤੀ, "ਗੁਰੂ ਜੀ, ਬਹੁਤ ਪਿਆਸ ਲੱਗੀ ਹੈ। ਆਗਿਆ ਦੇਵੋ ਤਾਂ ਮੈਂ ਕਿਸੇ ਪਾਸੋਂ ਮੰਗ ਕੇ ਪਾਣੀ ਪੀ ਆਵਾਂ।" ਗੁਰੂ ਜੀ ਨੇ ਕਿਹਾ, "ਭਾਈ ਮਰਦਾਨਿਆ, ਇਥੇ ਪਾਣੀ ਦੀ ਬਹੁਤ ਤੰਗੀ ਹੈ। ਕਿਸੇ ਘਰ ਵਿੱਚੋਂ ਮੰਗਿਆਂ ਪਾਣੀ ਨਹੀਂ ਮਿਲਣਾ। ਇਸ ਪਹਾੜੀ ਉੱਪਰ ਇਕ ਫ਼ਕੀਰ ਰਹਿੰਦਾ ਹੈ ਜਿਸਦਾ ਨਾਂ ਵਲੀ ਕੰਧਾਰੀ ਹੈ। ਉਸ ਪਾਸ ਪਾਣੀ ਦਾ ਚਸ਼ਮਾ ਹੈ। ਆਸ ਪਾਸ ਦੇ ਲੋਕਾਂ ਨੂੰ ਉਹ ਚਸ਼ਮੇ ਵਿੱਚੋਂ ਪੀਣ ਲਈ ਵੀ ਪਾਣੀ ਨਹੀਂ ਲੈਣ ਦਿੰਦਾ। ਸ਼ਾਇਦ ਤੈਨੂੰ ਇੱਕ ਪ੍ਰਦੇਸੀ ਜਾਣ ਕੇ ਤਰਸ ਖਾ ਜਾਵੇ ਅਤੇ ਚਸ਼ਮੇ ਵਿੱਚੋਂ ਪਾਣੀ ਪੀ ਲੈਣ ਦੇਵੇ।"

ਗੁਰੂ ਜੀ ਪਾਸੋਂ ਆਗਿਆ ਲੈ ਕੇ ਭਾਈ ਮਰਦਾਨਾ ਉਸ ਪਹਾੜੀ ਉੱਪਰ ਚੜ੍ਹ ਗਿਆ ਜਿੱਥੇ ਵਲੀ ਕੰਧਾਰੀ ਦੀ ਝੁੱਗੀ ਸੀ। ਉਥੇ ਪੁੱਜ ਕੇ ਉਸ ਨੇ ਵਲੀ ਕੰਧਾਰੀ ਪਾਸੋਂ ਚਸ਼ਮੇ ਵਿੱਚੋਂ ਪਾਣੀ ਪੀਣ ਦੀ ਆਗਿਆ ਮੰਗੀ। ਵਲੀ ਕੰਧਾਰੀ ਨੇ ਕਿਹਾ, "ਇਸ ਚਸ਼ਮੇ ਦਾ ਪਾਣੀ ਮੈਂ ਆਪਣੇ ਪੀਣ ਲਈ ਰੱਖਿਆ ਹੈ। ਜੇ ਮੈਂ ਪਾਣੀ ਦੂਜਿਆਂ ਨੂੰ ਪੀਣ ਦਿੰਦਾ ਰਿਹਾ ਤਾਂ ਇਹ ਮੁੱਕ ਜਾਵੇਗਾ।" ਭਾਈ ਮਰਦਾਨੇ ਨੇ ਕਿਹਾ, "ਮੈਂ ਇੱਕ ਪ੍ਰਦੇਸੀ ਹਾਂ। ਮੈਨੂੰ ਕਿਸੇ ਹੋਰ ਥਾਂ ਦਾ ਪਤਾ ਨਹੀਂ ਜਿੱਥੋਂ ਪੀਣ ਲਈ ਪਾਣੀ ਮਿਲ ਸਕਦਾ ਹੋਵੇ। ਮੈਨੂੰ ਥੋੜ੍ਹਾ ਜਿਹਾ ਪਾਣੀ ਪਿਆਸ ਬੁਝਾਉਣ ਲਈ ਦੇ ਦੇ।" ਵਲੀ ਕੰਧਾਰੀ ਨਾ ਮੰਨਿਆ। ਭਾਈ ਮਰਦਾਨਾ ਗੁਰੂ ਜੀ ਪਾਸ ਪਰਤ ਆਇਆ।

ਗੁਰੂ ਜੀ ਨੇ ਭਾਈ ਮਰਦਾਨੇ ਨੂੰ ਕਿਹਾ, "ਉਸਨੂੰ ਕਹਿ ਕਿ ਫ਼ਕੀਰਾਂ ਨੂੰ ਹੰਕਾਰੀ ਨਹੀਂ ਹੋਣਾ ਚਾਹੀਦਾ। ਜੋ ਕੁਝ ਖ਼ੁਦਾ ਦਾ ਦਿੱਤਾ ਹੋਇਆ ਹੈ ਉਹ ਵੰਡ ਕੇ ਛਕਣਾ ਚਾਹੀਦਾ ਹੈ। ਖ਼ੁਦਾ ਇਸ ਵਿਚ ਹੀ ਖ਼ੁਸ਼ ਹੁੰਦਾ ਹੈ। ਭਾਈ ਮਰਦਾਨਾ ਦੂਜੀ ਵਾਰੀ ਪਹਾੜੀ ਉੱਪਰ ਚੜ੍ਹ ਗਿਆ ਅਤੇ ਜਾ ਕੇ ਉਸਨੇ ਵਲੀ ਕੰਧਾਰੀ ਨੂੰ ਉਸੇ ਤਰ੍ਹਾਂ ਕਹਿ ਦਿੱਤਾ ਜਿਵੇਂ ਗੁਰੂ ਜੀ ਨੇ ਦੱਸਿਆ ਸੀ। ਵਲੀ ਕੰਧਾਰੀ ਨੇ ਅੱਗੋਂ ਕਿਹਾ, "ਤੂੰ ਇਕ ਮੋਮਨ ਹੋ ਕੇ ਇੱਕ ਕਾਫ਼ਰ ਦੇ ਨਾਲ ਫਿਰ ਰਿਹਾ ਹੈਂ। ਜੇ ਉਸ ਪਾਸ ਕੋਈ ਸ਼ਕਤੀ ਹੈ ਤਾਂ ਉਹ ਤੈਨੂੰ ਪਾਣੀ ਕਿਉਂ ਨਹੀਂ ਪਿਲਾ ਦਿੰਦਾ, ਮੁੜ ਮੁੜ ਮੇਰੇ ਪਾਸ ਭੇਜਣ ਦੀ ਕੀ ਲੋੜ ਹੈ?" ਭਾਈ ਮਰਦਾਨੇ ਨੇ ਆ ਕੇ ਗੁਰੂ ਜੀ ਨੂੰ ਉਵੇਂ ਹੀ ਦੱਸਿਆ ਜਿਵੇਂ ਵਲੀ ਕੰਧਾਰੀ ਨੇ ਕਿਹਾ ਸੀ। ਗੁਰੂ ਜੀ ਨੇ ਕਿਹਾ, "ਭਾਈ ਮਰਦਾਨਿਆ, ਕਰਤਾਰ ਜੋ ਕਰਦਾ ਹੈ ਸਭ ਭਲੀ ਕਰਦਾ ਹੈ। ਉੱਠ, ਨਿਢਾਲ ਨਾ ਹੋ। ਉਹ ਪੱਥਰ ਪਾਸੇ ਕਰ।" ਭਾਈ ਮਰਦਾਨੇ ਨੇ ਪੱਥਰ ਪਾਸੇ ਕੀਤਾ ਤਾਂ ਉਸ ਦੇ ਥੱਲਿਉਂ ਨਿਰਮਲ ਜਲ ਨਿਕਲ ਆਇਆ। ਭਾਈ ਮਰਦਾਨੇ ਨੇ ਕਰਤਾਰ ਦਾ ਸ਼ੁਕਰ ਕੀਤਾ।

ਪਹਾੜੀ ਉੱਪਰ ਬੈਠੇ ਵਲੀ ਕੰਧਾਰੀ ਦੀ ਨਜ਼ਰ ਜਦੋਂ ਆਪਣੇ ਚਸ਼ਮੇ ਉੱਪਰ ਪਈ ਤਾਂ ਉਸਨੇ ਦੇਖਿਆ ਕਿ ਉਸਦਾ ਪਾਣੀ ਘਟ ਰਿਹਾ ਸੀ। ਉਸਨੇ ਖੜਾ ਹੋ ਕੇ ਦੇਖਿਆ, ਭਾਈ ਮਰਦਾਨਾ ਥੱਲੇ ਪਾਣੀ ਪੀ ਰਿਹਾ ਸੀ। ਉਸਦੇ ਚਸ਼ਮੇ ਦਾ ਪਾਣੀ ਉਸ ਥਾਂ ਫੁਟ ਪਿਆ ਸੀ ਜਿੱਥੋਂ ਭਾਈ ਮਰਦਾਨੇ ਨੇ ਪੱਥਰ ਪਾਸੇ ਕੀਤਾ ਸੀ। ਇਸ ਉੱਪਰ ਵਲੀ ਕੰਧਾਰੀ ਨੂੰ ਬਹੁਤ ਗ਼ੁੱਸਾ ਆਇਆ। ਗੁਰੂ ਜੀ ਅਤੇ ਭਾਈ ਮਰਦਾਨੇ ਨੂੰ ਮਾਰਨ ਲਈ ਉਸਨੇ ਇਕ ਵੱਡਾ ਪੱਥਰ ਪਹਾੜੀ ਉੱਪਰੋਂ ਰੇੜ੍ਹ ਦਿੱਤਾ। ਗੁਰੂ ਜੀ ਨੇ ਅੱਗੇ ਹੱਥ ਕਰ ਕੇ ਪੱਥਰ ਰੋਕ ਦਿੱਤਾ। ਉਹ ਪੱਥਰ ਪਹਾੜੀ ਉੱਪਰੋਂ ਰਿੜ੍ਹਦਾ ਏਨੀ ਤੇਜ਼ੀ ਨਾਲ ਆ ਰਿਹਾ ਸੀ ਕਿ ਗੁਰੂ ਜੀ ਦੇ ਹੱਥ ਦਾ ਪੰਜਾ ਉਸ ਵਿਚ ਧੱਸ ਗਿਆ, ਜਿਸਦਾ ਨਿਸ਼ਾਨ ਉਸ ਪੱਥਰ ਵਿਚ ਅੱਜ ਤਕ ਨਜ਼ਰ ਆਉਂਦਾ ਹੈ। ਵਲੀ ਕੰਧਾਰੀ ਨੇ ਜਦੋਂ ਪੱਥਰ ਰੁਕਿਆ ਦੇਖਿਆ ਤਾਂ ਉਸਨੇ ਗੁਰੂ ਜੀ ਪਾਸ ਆ ਕੇ ਆਪਣੀ ਗ਼ਲਤੀ ਦੀ ਮੁਆਫ਼ੀ ਮੰਗੀ। ਗੁਰੂ ਜੀ ਨੇ ਕਿਹਾ, "ਵਲੀ ਕੰਧਾਰੀ, ਖ਼ੁਦਾ ਦੀ ਦਿੱਤੀ ਵਸਤੂ ਦਾ ਕੀ ਹੰਕਾਰ, ਜਦੋਂ ਚਾਹੇ ਉਹ ਖੋਹ ਲਵੇ, ਜਿਵੇਂ ਤੇਰੇ ਪਾਸੋਂ ਪਾਣੀ ਦਾ ਚਸ਼ਮਾ ਖੋਹ ਲਿਆ।"